# ਅੰਮ੍ਰਿਤਸਰ ਵਿਕਾਸ ਅਥਾਰਟੀ

94
1/1/2025

ਪੁੱਡਾ ਭਵਨ, ਗਰੀਨ ਐਵੀਨਿਊ, ਅੰਮ੍ਰਿਤਸਰ

ਵਿਸ਼ਾ- **ਆਨਲਾਈਨ ਅਪਲਾਈਡ ਅਣ-ਅਧਿਕਾਰਤ ਕਲੋਨੀਆਂ ਵਿੱਚੋਂ ਇਸ ਦਫਤਰ ਵਿਖੇ ਜਮ੍ਹਾ ਨਾ ਹੋਈਆਂ ਅਣ-ਅਧਿਕਾਰਤ ਕਲੋਨੀਆ ਨੂੰ ਰਿਜੈਕਟ ਕਰਨ ਸਬੰਧੀ।**

ਵਿਸ਼ੇ ਦੇ ਸਬੰਧ ਵਿੱਚ ਮਿਤੀ 11/12/2024 ਨੂੰ ਹੇਠਾਂ ਦਰਜ ਅਣ-ਅਧਿਕਾਰਤ ਕਲੋਨੀਆਂ, ਜਿਨ੍ਹਾਂ ਵੱਲੋਂ ਆਨਲਾਈਨ ਅਪਲਾਈ ਕੀਤਾ ਗਿਆ, ਪਰੰਤੂ ਇਹਨਾਂ ਕਲੋਨੀਆਂ ਦਾ ਰਿਕਾਰਡ ਇਸ ਦਫਤਰ ਵਿੱਚ ਜਮ੍ਹਾਂ ਨਹੀਂ ਕਰਵਾਇਆ ਗਿਆ, ਦੀ ਲਿਸਟ ਪੁੱਡਾ ਦੀ ਵੈਬਸਾਈਟ ਤੇ ਪਬਲਿਸ਼ ਕਰਦੇ ਹੋਏ ਇਹਨਾਂ ਕਲੋਨੀਆਂ ਦੇ ਡਿਵੈਲਪਰਾਂ ਨੂੰ 7 ਦਿਨਾਂ ਦੇ ਅੰਦਰ-ਅੰਦਰ ਫੀਸਾਂ ਅਤੇ ਦਸਤਾਵੇਜ ਜਮ੍ਹਾਂ ਕਰਵਾਉਣ ਦਾ ਸਮਾਂ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਇਸ ਨੋਟਿਸ ਵਿੱਚ ਇਹ ਵੀ ਲਿਖਿਆ ਗਿਆ ਸੀ ਕਿ ਜੇਕਰ ਲੜੀ ਨੰ. 16 ਤੋਂ 25 ਤੱਕ ਦੀਆਂ ਕਲੋਨੀਆਂ ਵਿਰੁੱਧ ਅਪਲਾਈ ਸਮੇਂ ਜੇਕਰ ਅਪਫਰੰਟ ਫੀਸ ਜਮ੍ਹਾਂ ਕਰਵਾਈ ਗਈ ਹੈ ਤਾਂ ਉਹ ਵੀ ਇੱਕ ਹਫਤੇ ਦੇ ਸਮੇਂ ਦੇ ਅੰਦਰ-ਅੰਦਰ ਦਸਤਾਵੇਜ ਅਤੇ ਫੀਸਾਂ ਜਮ੍ਹਾਂ ਕਰਵਾ ਸਕਦੇ ਹਨ। ਜੇਕਰ ਅਪਫਰੰਟ ਫੀਸ ਜਮ੍ਹਾਂ ਨਹੀਂ ਕਰਵਾਈ ਗਈ ਤਾਂ ਫਿਰ ਇਹਨਾਂ ਐਪਲੀਕੇਸ਼ਨਾਂ ਨੂੰ ਵਿਚਾਰਿਆ ਨਹੀਂ ਜਾ ਸਕਦਾ।

| Sr. No. | ApplicationNo | Colony_Name | Applicant_Name | Date |
|---|---|---|---|---|
| 1 | 549253 | J.S ENCLAVE | kawaljit singh | 1-29-2020 |
| 2 | 549248 | New Nand Enclave | Kulwinder Singh | 1-29-2020 |
| 3 | 549209 | GURU NAGAR AVENUE | 1 Bhupinder Singh 2 Munish Arora | 1-29-2020 |
| 4 | 536401 | CELEBRATION VIHAR | RAKESH AND RAJIV | 6-30-2019 |
| 5 | 532972 | BABA DEEP SINGH AVENUE | M/S VishwamurtiReal Estate and Marketing Ltd. Thro | 6-28-2019 |
| 6 | 532962 | Friends colony | Gumeet Singh | 6-28-2019 |
| 7 | 532954 | Friends colony | Gumeet Singh | 6-28-2019 |
| 8 | 532462 | JBD Business Hub | Inderjit kaur | 6-28-2019 |
| 9 | 531924 | BABA PALLA SINGH JI COLONY | MALKIT SINGH | 6-28-2019 |
| 10 | 531532 | Baba Pala Singh ji | Manpreet kaur | 6-27-2019 |
| 11 | 519987 | sawan Enclave | Sarbjeet Passi | 3-29-2019 |
| 12 | 513605 | baba deep singh avenue | 1. harish kumar 2. davinder bhanot | 2-16-2019 |
| 13 | 511441 | city of beas | jatinder pal | 2-15-2019 |
| 14 | 511065 | Golden city | 1. Gurpreet singh 2. S.prem Singh | 2-14-2019 |
| 15 | 509177 | J.H. Orchids | Jagdeep Singh | 2-11-2019 |
| 16 | 550235 | The prague city-1 | Amit Nanda and rakesh kumar | 1-31-2020 |
| 17 | 549206 | GURUWALI | 1. Bhupinder Singh 2 Munish Arora | 1-29-2020 |
| 18 | 544968 | Baba Deep Singh Enclave | Harjit Singh and Avtar Singh | 10/30/2019 |
| 19 | 536866 | Guru Ramdass Avenue | Tee Ess Enterprises | 6-30-2019 |
| 20 | 536852 | Sky /home | Rakesh Nayyar | 6-30-2019 |
| 21 | 532225 | S. G. Villas | S. G. Township Developers Pvt. Ltd. | 6-28-2019 |
| 22 | 520881 | Royal Complex Colony | Kaushal Khosla | 3/31/2019 |
| 23 | 510911 | baba deep singh avenue 1 | subash | 2-14-2019 |
| 24 | 510820 | baba deep singh avenue2 | Swarnjeet Singh | 2-14-2019 |
| 25 | 509176 | J.H. Orchirds | Jafdeep Singh | 2-11-2019 |

ਇਸ ਦਫਤਰ ਪਾਸ ਮਿਤੀ 18/12/2024 ਤੱਕ ਉਕਤ 25 ਐਪਲੀਕੇਸ਼ਨਾਂ ਵਿੱਚੋਂ ਕਿਸੇ ਵੀ ਕਲੋਨੀ ਦੇ ਦਸਤਾਵੇਜ ਅਤੇ ਫੀਸਾਂ ਪ੍ਰਾਪਤ ਨਹੀਂ ਹੋਈਆਂ। ਇਸ ਨੋਟਿਸ ਰਾਹੀਂ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਕਲੋਨੀ ਦੇ ਦਸਤਾਵੇਜ ਅਤੇ ਫੀਸਾਂ ਜਮ੍ਹਾਂ ਨਾ ਕਰਵਾਉਣ ਕਾਰਨ ਲੜੀ ਨੰਬਰ 1 ਤੋਂ 15 ਐਪਲੀਕੇਸ਼ਨ ਨੂੰ ਇਸ ਦਫਤਰ ਵੱਲੋਂ ਰਿਜੈਕਟ ਕਰ ਦਿੱਤਾ ਗਿਆ ਹੈ ਅਤੇ ਐਪਲੀਕੈਂਟ ਨੂੰ ਇਸ ਬਾਰੇ ਉਹਨਾਂ ਵੱਲੋਂ ਆਨਲਾਈਨ ਅਪਲਾਈ ਕਰਦੇ ਸਮੇਂ ਦਿੱਤੇ ਗਏ ਪਤੇ ਤੇ ਸੂਚਿਤ ਵੀ ਕੀਤਾ ਗਿਆ ਹੈ। ਇਹ ਐਪਲੀਕੈਂਟ ਇਹਨਾਂ ਹੁਕਮਾਂ ਵਿਰੁੱਧ ਪਾਲਸੀ ਦੀਆਂ ਸ਼ਰਤਾਂ ਮੁਤਾਬਕ 30

ਦਿਨਾਂ ਦੇ ਅੰਦਰ-ਅੰਦਰ ਐਪੀਲੈਟ ਅਥਾਰਟੀ ਪਾਸ ਅਪੀਲ ਦਾਇਰ ਕਰ ਸਕਦੇ ਹਨ। ਇਸ ਪਿੱਛੋਂ ਇਹਨਾਂ ਦੇ ਵਿਰੁੱਧ ਐਕਟ/ਪਾਲਸੀ ਮੁਤਾਬਕ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਮਿਤੀ 11/12/2024 ਨੂੰ ਪਬਲਿਸ਼ ਕੀਤੇ ਗਏ ਨੋਟਿਸ ਵਿੱਚ ਇਹ ਸੂਚਿਤ ਕੀਤਾ ਗਿਆ ਸੀ ਕਿ ਲੜੀ ਨੰ. 16 ਤੋਂ 25 ਤੱਕ ਦੀ ਐਪਲੀਕੇਸ਼ਨਾਂ ਵਿਰੁੱਧ ਜਮ੍ਹਾਂ ਕਰਵਾਈ ਗਈ ਰਕਮ ਦੀ ਪੁਸ਼ਟੀ ਨਹੀਂ ਹੋਈ ਅਤੇ ਜੇਕਰ ਇਹਨਾਂ ਵੱਲੋਂ ਕਲੋਨੀ ਅਪਲਾਈ ਕਰਦੇ ਸਮੇਂ ਅਪਫਰੰਟ ਰਕਮ ਜਮ੍ਹਾਂ ਕਰਵਾਈ ਗਈ ਹੈ ਤਾਂ ਉਹ ਵੀ ਇੱਕ ਹਫਤੇ ਦੇ ਅੰਦਰ ਦਸਤਾਵੇਜ ਅਤੇ ਫੀਸਾਂ ਜਮ੍ਹਾਂ ਕਰਵਾ ਸਕਦੇ ਹਨ। ਪਰੰਤੂ ਇਹਨਾਂ ਦੇ ਸਬੰਧ ਵਿੱਚ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਇਸ ਲਈ ਇਸ ਪੱਤਰ ਰਾਹੀਂ ਲੜੀ ਨੰ. 16 ਤੋਂ 25 ਤੱਕ ਦੀ ਐਪਲੀਕੇਸ਼ਨਾਂ ਸਬੰਧੀ ਕੋਈ ਜਵਾਬ ਪ੍ਰਾਪਤ ਨਾ ਹੋਣ ਕਾਰਨ ਇਹਨਾਂ ਐਪਲੀਕੇਸ਼ਨਾਂ ਨੂੰ ਵੀ ਰੱਦ ਕੀਤਾ ਜਾਂਦਾ ਹੈ।

**ਵਧੀਕ ਮੁੱਖ ਪ੍ਰਸ਼ਾਸਕ,**
**ਏਡੀਏ, ਅੰਮ੍ਰਿਤਸਰ**